# ਦਫਤਰ ਨਗਰ ਸੁਧਾਰ ਟਰੱਸਟ ਬਠਿੰਡਾ

## ਨਿਲਾਮੀ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਗਰ ਸੁਧਾਰ ਟਰੱਸਟ, ਬਠਿੰਡਾ ਦੀ ਪਟੇਲ ਨਗਰ ਵਿਕਾਸ ਸਕੀਮ ਵਿੱਚ ਖੜੇ ਚਾਰ ਸਟਰਕਚਰਜ਼ ਦੀ ਨਿਲਾਮੀ ਮਿਤੀ 05-09-2022 ਨੂੰ ਸਮਾਂ ਸਵੇਰੇ 11:00 ਵਜੇ ਦਫਤਰ ਨਗਰ ਸੁਧਾਰ ਟਰੱਸਟ, ਬਠਿੰਡਾ ਵਿਖੇ ਕੀਤੀ ਜਾਵੇਗੀ। ਨਿਲਾਮ ਕੀਤੇ ਜਾਣ ਵਾਲੇ ਸਟਰਕਚਰਾਂ ਦਾ ਵੇਰਵਾ ਹੇਠ ਅਨੁਸਾਰ ਹੈ:-

| ਲੜੀ ਨੰ. | ਸਟਰਕਚਰ ਦਾ ਸਥਾਨ | ਸਟਰਕਚਰ ਨੂੰ ਤੋੜਨ ਉਪਰੰਤ ਵਰਤੋਂ ਯੋਗ ਮਟੀਰੀਅਲ ਦੀ ਕੀਮਤ | ਬਿਆਨਾ ਰਕਮ | ਸਟਰਕਚਰ ਨੂੰ ਤੋੜ ਕੇ ਖਾਲੀ ਕਰਨ ਦਾ ਸਮਾਂ |
|---|---|---|---|---|
| 1 | MCB-Z2-12981 ਬੱਸ ਸਟੈਂਡ ਸਾਈਟ ਵਿੱਚ। | 92,520/- | 4630/- | 30 ਦਿਨ |
| 2 | ਰਿੰਗ ਰੋਡ ਦੇ ਵਿਚਕਾਰ। | 1,27,049/- | 6360/- | |
| 3 | ਬੱਸ ਸਟੈਂਡ ਸਾਈਟ ਵਿੱਚ। | 96,088/- | 4810/- | |
| 4 | ਬੱਸ ਸਟੈਂਡ ਸਾਈਟ ਵਿੱਚ। | 1,12,584/- | 5630/- | |

ਨਿਯਮ ਅਤੇ ਸ਼ਰਤਾਂ:-

1) ਹਰੇਕ ਬੋਲੀਕਾਰ ਨੂੰ ਦੱਸੀ ਬਿਆਨਾ ਰਕਮ (ਡਰਾਫਟ/ਪੇ-ਆਰਡਰ) ਦੀ ਸਕਲ ਵਿੱਚ ਬੋਲੀ ਸ਼ੁਰੂ ਹੋਣ ਤੋਂ ਪਹਿਲਾਂ ਕਾਰਜ ਸਾਧਕ ਅਫਸਰ ਦੇ ਨਾਮ ਤੇ ਜਮ੍ਹਾਂ ਕਰਵਾਉਣੀ ਹੋਵੇਗੀ। ਚੈਕ ਸਵੀਕਾਰ ਨਹੀ ਕੀਤੇ ਜਾਣਗੇ।

2) ਬੋਲੀਕਾਰ ਹਰੇਕ ਸਟਰਕਚਰ ਲਈ ਵੱਖਰੀ-ਵੱਖਰੀ ਬਿਆਨਾ ਰਕਮ ਜਮ੍ਹਾਂ ਕਰਵਾਏਗਾ ਅਤੇ ਜਿਸ ਸਟਰਕਚਰ ਲਈ ਬਿਆਨਾ ਰਕਮ ਜਮ੍ਹਾਂ ਕਰਵਾਈ ਹੈ, ਉਸ ਸਟਰਕਚਰ ਲਈ ਹੀ ਬੋਲੀਕਾਰ ਬੋਲੀ ਦੇ ਸਕਦਾ ਹੈ।

3) ਸਫਲ ਬੋਲੀਕਾਰ ਪਾਸੋਂ ਨਿਲਾਮੀ ਖਤਮ ਹੋਣ ਉਪਰੰਤ ਕੁੱਲ ਵਿਕਰੀ ਕੀਮਤ ਦਾ 10% ਹਿੱਸਾ (ਬਿਆਨਾ ਰਕਮ ਐਡਜਸਟ ਕਰਕੇ) ਸਮੇਤ 2000/- ਰੁਪਏ ਸਕਿਊਰਟੀ ਅਤੇ 500/- ਰੁਪਏ ਫੁਟਕਲ ਖਰਚੇ ਵਜੋਂ ਬੋਲੀ ਵਾਲੇ ਦਿਨ ਹੀ ਸ਼ਾਮ 04:00 ਵਜੇ ਤੱਕ ਵਸੂਲ ਕੀਤੇ ਜਾਣਗੇ। ਇਹ ਰਕਮ ਦਿੱਤੇ ਸਮੇਂ ਅੰਦਰ ਨਾ ਜਮ੍ਹਾਂ ਕਰਵਾਉਣ ਦੀ ਸੂਰਤ ਵਿੱਚ ਜਮ੍ਹਾ ਹੋਈ ਰਕਮ ਜਬਤ ਸਮਝੀ ਜਾਵੇਗੀ ਅਤੇ ਖਰੀਦ ਕੀਤੀ ਸਟਰਕਚਰ ਤੇ ਸਬੰਧਤ ਬੋਲੀਕਾਰ ਦਾ ਕੋਈ ਹੱਕ ਨਹੀ ਹੋਵੇਗਾ। ਬਕਾਇਆ 90% ਰਕਮ ਸਟਰਕਚਰ ਤੋੜਨਾ ਸ਼ੁਰੂ ਕਰਨ ਤੋਂ ਪਹਿਲਾਂ ਇਸ ਦਫਤਰ ਵਿਖੇ ਜਮ੍ਹਾ ਕਰਵਾਉਣ ਦਾ ਪਾਬੰਦ ਹੋਵੇਗਾ। ਇਸ ਤੋਂ ਇਲਾਵਾ ਜੇਕਰ ਉਹ ਸਟਰਕਚਰ ਤੋੜਨ ਤੋਂ ਪਹਿਲਾਂ ਰਕਮ ਜਮ੍ਹਾ ਕਰਵਾਉਣ ਵਿੱਚ ਅਸਮਰੱਥ ਰਹਿੰਦਾ ਹੈ ਤਾਂ ਉਸ ਵੱਲੋਂ ਭਰੀ ਗਈ ਰਕਮ ਜਬਤ ਕਰ ਲਈ ਜਾਵੇਗੀ।

4) ਕਿਸੇ ਵੀ ਸਟਰਕਚਰ ਦੀ ਬੋਲੀ ਲਈ ਬੋਲੀ ਵਿੱਚ ਘੱਟੋਂ-ਘੱਟ ਤਿੰਨ ਬੋਲੀਕਾਰਾਂ ਦਾ ਭਾਗ ਲੈਣਾ ਜਰੂਰੀ ਹੈ ਤਾਂ ਹੀ ਬੋਲੀ ਨੂੰ consider ਕੀਤਾ ਜਾਵੇਗਾ। ਇਸ ਤੋਂ ਇਲਾਵਾ ਜੇਕਰ ਕਿਸੇ ਸਟਰਕਚਰ ਦੀ ਬੋਲੀ ਲਈ ਸਿਰਫ ਤਿੰਨ ਬੋਲੀਕਾਰਾਂ ਵੱਲੋਂ ਹੀ ਬਿਆਨਾ ਰਕਮ ਜਮ੍ਹਾ ਕਰਵਾਈ ਜਾਂਦੀ ਹੈ ਤਾਂ ਉਹ ਤਿੰਨੋਂ ਬੋਲੀਕਾਰ ਇੱਕ ਹੀ ਪਰਿਵਾਰ/ਫਰਮ ਦੇ ਨਹੀ ਹੋਣੇ ਚਾਹੀਦੇ।ਜੇਕਰ ਅਜਿਹਾ ਹੁੰਦਾ ਹੈ ਤਾਂ ਇਸ ਸੂਰਤ ਵਿੱਚ ਉਹਨਾਂ ਬੋਲੀਕਾਰਾਂ ਨੂੰ ਉਸ ਸਟਰਕਚਰ ਦੀ ਬੋਲੀ ਲਈ ਕੁਆਲੀਫਾਈ ਨਹੀ ਕੀਤਾ ਜਾਵੇਗਾ/ਉਨ੍ਹਾਂ ਦੀ ਬੋਲੀ ਕੈਂਸਲ ਕਰ ਦਿੱਤੀ ਜਾਵੇਗੀ।

5) ਅਸਫਲ ਬੋਲੀਕਾਰਾਂ ਵੱਲੋਂ ਜਮ੍ਹਾਂ ਕਰਵਾਈ ਬਿਆਨਾ ਰਕਮਾਂ 72 ਘੰਟਿਆ ਦੇ ਅੰਦਰ ਰੀਫੰਡ ਕਰ ਦਿੱਤੀ ਜਾਵੇਗੀ।

6) ਬਿੱਡ ਲਗਾਉਂਦੇ ਸਮੇਂ ਹਰੇਕ ਬੋਲੀਕਾਰ ਨੂੰ ਘੱਟ ਤੋਂ ਘੱਟ 2000/- ਰੁਪਏ ਦਾ ਵਾਧਾ ਕਰਨਾ ਪਵੇਗਾ। ਜੇਕਰ ਬੋਲੀਕਾਰ ਵੱਲੋਂ 2000/- ਰੁਪਏ ਤੋਂ ਘੱਟ ਬੋਲੀ ਦੀ ਰਕਮ ਵਿੱਚ ਵਾਧਾ ਕੀਤਾ ਜਾਂਦਾ ਹੈ ਤਾਂ ਉਸ ਬੋਲੀ ਨੂੰ ਸਵੀਕਾਰ ਨਹੀ ਕੀਤਾ ਜਾਵੇਗਾ।

7) ਸਟਰਕਚਰ "ਜਿਥੇ ਹੈ ਜਿਵੇਂ ਹੈ" ਦੇ ਅਧਾਰ ਤੇ ਵੇਚੇ ਜਾਣੇ ਹਨ। ਇਸ ਲਈ ਬੋਲੀਕਾਰ ਮੌਕੇ ਉਪਰ ਖੜੇ ਸਟਰਕਚਰ ਨੂੰ ਕਿਸੇ ਵੀ ਕੰਮ ਵਾਲੇ ਦਿਨ ਵੇਖ ਸਕਦਾ ਹੈ। ਬੋਲੀਕਾਰ ਨੂੰ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਸਟਰਕਚਰ ਨੂੰ ਤੋੜਨ ਉਪਰੰਤ ਸਾਈਟ ਨੂੰ ਸਾਫ ਉਸ ਵੱਲੋਂ ਹੀ ਕੀਤਾ ਜਾਣਾ ਹੈ। ਸਟਰਕਚਰ ਨੂੰ ਤੋੜਨ ਅਤੇ ਸਾਈਟ ਨੂੰ ਖਾਲੀ ਕਰਨ ਦਾ ਸਾਰਾ ਖਰਚ ਵੀ ਸਫਲ ਬੋਲੀਕਾਰ ਵੱਲੋਂ ਹੀ ਕੀਤਾ ਜਾਣਾ ਹੈ।

8) ਨਿਲਾਮੀ ਉਪਰੰਤ ਸਟਰਕਚਰ ਨੂੰ ਤੋੜਣ ਸਬੰਧੀ ਅਲਾਟਮੈਂਟ/ਵਰਕ ਆਰਡਰ ਪੱਤਰ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਹੋਣ ਉਪਰੰਤ ਹੀ ਜਾਰੀ ਕੀਤਾ ਜਾਵੇਗਾ। ਅਲਾਟਮੈਂਟ/ਵਰਕ ਆਰਡਰ ਪੱਤਰ ਜਾਰੀ ਹੋਣ ਤੋਂ 7 ਦਿਨਾਂ ਦੇ ਅੰਦਰ-ਅੰਦਰ ਸਫਲ ਬੋਲੀਕਾਰ ਵੱਲੋਂ ਟਰੱਸਟ ਨਾਲ ਇਕਰਾਰਨਾਮਾ ਕਰਕੇ ਮੌਕੇ ਤੇ

ਸਟਰਕਚਰਾਂ ਨੂੰ ਤੋੜਨ ਦਾ ਕੰਮ ਸ਼ੁਰੂ ਕਰਨਾ ਹੋਵੇਗਾ। ਸਟਰਕਚਰਾਂ ਦੇ ਮਾਲਕਾਂ ਵੱਲੋਂ ਜੇਕਰ ਸਟਰਕਚਰ ਖਾਲੀ ਕਰਨ ਲਈ ਕੁੱਝ ਵਾਧੂ ਸਮਾਂ ਮੰਗਿਆ ਜਾਂਦਾ ਹੈ ਤਾਂ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਸਟਰਕਚਰ ਤੋੜ ਕੇ ਸਾਈਟ ਸਾਫ ਕਰਨ ਦੇ ਸਮੇਂ ਨੂੰ ਵਧਾਇਆ ਜਾ ਸਕਦਾ ਹੈ, ਇਸ ਸਬੰਧੀ ਸਫਲ ਬੋਲੀਕਾਰ ਨੂੰ ਕੋਈ ਉਜਰ ਨਹੀ ਹਵੇਗਾ।

9) ਚੇਅਰਮੈਨ/ਕਾਰਜ ਸਾਧਕ ਅਫਸਰ ਨੂੰ ਬਿਨ੍ਹਾਂ ਕੋਈ ਕਾਰਨ ਦੱਸੇ ਬੋਲੀ ਰੱਦ ਕਰਨ ਅਤੇ ਬੋਲੀ ਦੌਰਾਨ ਕੋਈ ਵੀ ਸਟਰਕਚਰ ਨੂੰ ਘਟਾਉਣ (ਵਾਪਸ ਲੈਣ) ਦਾ ਅਧਿਕਾਰੀ ਹੋਵੇਗਾ।

10) ਉਕਤ ਨਿਲਾਮੀ ਵਿੱਚ ਦਰਸਾਈਆ ਸਟਰਕਚਰ ਵਿੱਚ ਜੇਕਰ ਕਿਸੇ ਜਾਇਦਾਦ ਦਾ ਕੋਈ ਝਗੜਾ ਆਦਿ ਹੁੰਦਾ ਹੈ ਜਾਂ ਕੋਰਟ ਵਿੱਚ ਕਿਸੇ ਸਟਰਕਚਰ ਨਾਲ ਸਬੰਧਤ ਕੇਸ ਦਫਤਰ ਦੇ ਧਿਆਨ ਵਿੱਚ ਆਉਂਦਾ ਹੈ ਤਾਂ ਉਸ ਸਥਿਤੀ ਵਿੱਚ ਚੇਅਰਮੈਨ, ਨਗਰ ਸੁਧਾਰ ਟਰੱਸਟ ਨੂੰ ਇਹ ਨਿਲਾਮੀ ਕੈਂਸਲ ਕਰਨ ਦਾ ਪੂਰਾ ਅਧਿਕਾਰ ਹੋਵੇਗਾ।

11) ਉਕਤ ਨਿਲਾਮੀ ਵਿੱਚ ਰੱਖੇ ਸਟਰਕਚਰ ਨੂੰ ਵੇਚਣ ਸਬੰਧੀ ਜੇਕਰ ਆਮ ਪਬਲਿਕ/ਕਿਸ ਵਿਅਕਤੀ/ਅਦਾਰੇ ਨੂੰ ਕਿਸੇ ਵੀ ਤਰ੍ਹਾਂ ਦਾ ਕੋਈ ਇਤਰਾਜ਼ ਹੈ ਤਾਂ ਉਹ ਆਪਣਾ ਇਤਰਾਜ਼ ਲਿਖਤੀ ਰੂਪ ਵਿੱਚ ਸਮੇਤ ਸਬੂਤ ਨਿਲਾਮੀ ਦੀ ਮਿਤੀ ਤੋਂ 5 ਦਿਨਾਂ ਪਹਿਲਾਂ ਦਫਤਰ ਵਿਖੇ ਪੇਸ਼ ਕਰ ਸਕਦਾ ਹੈ।

12) ਨਿਲਾਮੀ ਸਬੰਧੀ ਸ਼ਰਤਾਂ ਅਤੇ ਹੋਰ ਜਾਣਕਾਰੀ ਟਰੱਸਟ ਦਫਤਰ ਤੋਂ ਕਿਸੇ ਵੀ ਕੰਮ ਵਾਲੇ ਦਿਨ ਪ੍ਰਾਪਤ ਕੀਤੀ ਜਾ ਸਕਦੀ ਹੈ।

ਸਹੀ/-
ਕਾਰਜ ਸਾਧਕ ਅਫਸਰ
ਨਗਰ ਸੁਧਾਰ ਟਰੱਸਟ
ਬਠਿੰਡਾ